# Inaugural I2U2 Business Forum convened to accelerate joint investment in key sectors

February 22, 2023

...................

## ਮੁੱਖ ਖੇਤਰਾਂ ਵਿੱਚ ਸਾਂਝੇ ਨਿਵੇਸ਼ ਨੂੰ ਤੇਜ਼ ਕਰਨ ਲਈ ਹੋਇਆ I2U2 ਵਪਾਰਕ ਫੋਰਮ ਦਾ ਉਦਘਾਟਨ

**22 ਫਰਵਰੀ, 2023**

ਉਦਘਾਟਨੀ I2U2 ਵਪਾਰਕ ਫੋਰਮ ਦੌਰਾਨ 22 ਫਰਵਰੀ, 2023 ਨੂੰ ਅਬੂ ਧਾਬੀ (UAE) ਵਿੱਚ ਹੋਇਆ। ਇਸ ਫੋਰਮ ਵਿੱਚ ਭਾਰਤ, ਇਜ਼ਰਾਈਲ, ਸੰਯੁਕਤ ਅਰਬ ਅਮੀਰਾਤ ਅਤੇ ਸੰਯੁਕਤ ਰਾਜ (I2U2) ਦੇ ਸੀਨੀਅਰ ਨਿੱਜੀ ਅਤੇ ਜਨਤਕ ਖੇਤਰ ਦੇ ਨੁਮਾਇੰਦਿਆਂ ਨੇ ਚਾਰਾਂ ਦੇਸ਼ਾਂ ਦੇ ਵਪਾਰਕ ਭਾਈਚਾਰਿਆਂ ਵਿਚਕਾਰ ਸਹਿਯੋਗ ਦੇ ਮੌਕਿਆਂ 'ਤੇ ਚਰਚਾ ਕੀਤੀ। ਜੁਲਾਈ, 2022 ਵਿੱਚ ਹੋਈ I2U2 ਲੀਡਰਜ਼ ਸਮਿਟ ਦੌਰਾਨ I2U2 ਗਰੁੱਪ ਦੀ ਹੋਈ ਅਧਿਕਾਰਤ ਸ਼ੁਰੂਆਤ ਤੋਂ ਬਾਅਦ ਇਹ ਇਸ ਤਰ੍ਹਾਂ ਦਾ ਪਹਿਲਾ ਸਮਾਗਮ ਸੀ।

I2U2 ਭਾਈਵਾਲੀ, ਜਿਸ ਵਿੱਚ ਭਾਰਤ, ਇਜ਼ਰਾਈਲ, UAE ਅਤੇ ਅਮਰੀਕਾ ਸ਼ਾਮਲ ਹਨ, ਅਜਿਹਾ ਸਮੂਹ ਹੈ ਜੋ ਭੋਜਨ ਸੁਰੱਖਿਆ, ਪਾਣੀ, ਊਰਜਾ, ਪੁਲਾੜ, ਆਵਾਜਾਈ, ਸਿਹਤ ਅਤੇ ਸਮੇਤ ਕਈ ਖੇਤਰਾਂ ਵਿੱਚ ਇਸਦੇ ਮੈਂਬਰਾਂ ਵਿਚਕਾਰ ਠੋਸ ਆਰਥਿਕ ਸਹਿਯੋਗ ਕਰਨ 'ਤੇ ਕੇਂਦਰਿਤ ਹੈ। ਇਸ ਦਾ ਉਦੇਸ਼ ਹੋਰਨਾਂ ਉਦੇਸ਼ਾਂ ਤੋਂ ਛੁੱਟ ਨਿੱਜੀ ਖੇਤਰ ਦੀ ਪੂੰਜੀ ਅਤੇ ਮੁਹਾਰਤ ਨੂੰ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ, ਉਦਯੋਗਾਂ ਨੂੰ ਡੀਕਾਰਬੋਨਾਈਜ਼ ਕਰਨ, ਜਨਤਕ ਸਿਹਤ ਨੂੰ ਸੁਧਾਰਨ, ਅਤੇ ਹਰੀ ਤਕਨਾਲੋਜੀ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰਨਾ ਹੈ।

I2U2 ਬਿਜ਼ਨਸ ਫੋਰਮ ਦੀ ਸ਼ੁਰੂਆਤ UAE ਦੇ ਰਾਜ ਮੰਤਰੀ ਮਹਾਮਹਿਮ ਸ਼੍ਰੀ ਅਹਿਮਦ ਅਲ ਸਈਘ, ਅਮਰੀਕੀ ਅੰਡਰ ਸੈਕਟਰੀ ਆਫ਼ ਸਟੇਟ ਜੋਸ ਡਬਲਯੂ. ਫਰਨਾਂਡੇਜ਼,  ਵਿਦੇਸ਼ ਮੰਤਰਾਲੇ ਦੇ ਸਕੱਤਰ (ਆਰਥਿਕ ਸਬੰਧ) ਸ਼੍ਰੀ ਦਮੂ ਰਵੀ, ਇਜ਼ਰਾਈਲੀ ਵਿਦੇਸ਼ ਮੰਤਰਾਲੇ ਦੇ ਡਾਇਰੈਕਟਰ ਜਨਰਲ  ਰੋਨੇਨ ਲੇਵੀ ਅਤੇ ਅਮਰੀਕੀ ਰਾਸ਼ਟਰਪਤੀ ਦੇ ਉਪ ਸਹਾਇਕ ਅਤੇ ਮੱਧ ਪੂਰਬ ਅਤੇ ਉੱਤਰੀ ਅਫਰੀਕਾ ਲਈ ਵ੍ਹਾਈਟ ਹਾਊਸ ਕੋਆਰਡੀਨੇਟਰ ਬ੍ਰੈਟ ਮੈਕਗਰਕ ਨੇ ਕੀਤੀ।

ਆਪਣੀ ਟਿੱਪਣੀਆਂ ਕਰਦੇ ਹੋਏ ਅਧਿਕਾਰੀਆਂ ਨੇ I2U2 ਫਰੇਮਵਰਕ ਤਹਿਤ ਆਰਥਿਕ ਸਹਿਯੋਗ ਨੂੰ ਵਧਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ ਅਤੇ I2U2 ਦੇਸ਼ਾਂ ਦੇ ਫੈਸਲੇ ਲੈਣ ਵਾਲਿਆਂ ਅਤੇ ਭਵਿੱਖ ਵਿੱਚ ਸਾਂਝੇਦਾਰੀ ਬਣਾਉਣ ਵਿੱਚ ਦਿਲਚਸਪੀ ਰੱਖਣ ਵਾਲੇ ਨਿੱਜੀ ਖੇਤਰ ਦੇ ਹਿੱਸੇਦਾਰਾਂ ਵਿਚਕਾਰ ਸਿੱਧੀ ਸ਼ਮੂਲੀਅਤ ਦੀ ਮਹੱਤਤਾ ਦੀ ਗੱਲ ਕਹੀ।

ਸਕੱਤਰ (ਆਰਥਿਕ ਸਬੰਧ) ਨੇ I2U2 ਭਾਈਵਾਲੀ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਸਾਰੇ ਹਿੱਸੇਦਾਰਾਂ ਨੂੰ ਭਾਰਤ ਦੇ ਗੁਰੂਗ੍ਰਾਮ (ਹਰਿਆਣਾ) ਵਿੱਚ I2U2 ਇਨੋਵੇਸ਼ਨ ਸੈਂਟਰ ਦੀ ਸਥਾਪਨਾ ਕਰਨ ਸਮੇਤ I2U2 ਦੀਆਂ ਸਾਰੀਆਂ ਪਹਿਲਕਦਮੀਆਂ ਵਿੱਚ ਠੋਸ ਤਰੱਕੀ ਕਰਨ ਲਈ ਕੰਮ ਕਰਨ ਮਜ਼ਬੂਤ ਹੁੰਗਾਰਾ ਦਿੱਤਾ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਵਾਤਾਵਰਣ ਲਈ ਲਾਈਫ-ਲਾਈਫਸਟਾਈਲ ਦੇ ਸਪੱਸ਼ਟ ਸੱਦੇ ਅਨੁਸਾਰ ਉਨ੍ਹਾਂ ਨੇ I2U2 ਭਾਈਵਾਲਾਂ ਨੂੰ ਸਾਰਿਆਂ ਲਈ ਟਿਕਾਊ ਅਤੇ ਵਾਤਾਵਰਣ-ਅਨੁਕੂਲ ਜੀਵਨ ਸ਼ੈਲੀ ਵੱਲ ਕੰਮ ਕਰਨ ਦੀ ਅਪੀਲ ਕੀਤੀ।

ਇਸ ਤੋਂ ਬਾਅਦ ਅਧਿਕਾਰਤ ਹਸਤਾਖਰ ਸਮਾਗਮ ਹੋਇਆ ਜਿਸ ਵਿੱਚ ਜਲਵਾਯੂ ਲਈ ਖੇਤੀਬਾੜੀ ਇਨੋਵੇਸ਼ਨ ਮਿਸ਼ਨ ਵਿੱਚ ਸ਼ਾਮਲ ਹੋਣ ਵਾਲੇ ਨਵੇਂ ਵਜੋਂ ਭਾਰਤ ਗਣਰਾਜ ਦਾ ਸੁਆਗਤ ਕੀਤਾ ਗਿਆ, ਜੋ COP26 ਵਿੱਚ UAE ਅਤੇ ਸੰਯੁਕਤ ਰਾਜ ਅਮਰੀਕਾ ਦੁਆਰਾ ਸ਼ੁਰੂ ਕੀਤਾ ਗਿਆ ਸੀ ਅਤੇ ਜਿਸ ਵਿੱਚ 140 ਹੋਰ ਸਰਕਾਰੀ ਅਤੇ ਇਜ਼ਰਾਈਲ ਵਿੱਚ ਇੱਕ ਭਾਈਵਾਲ ਵਜੋਂ ਸ਼ਾਮਲ ਹਨ।

ਗੈਰ-ਸਰਕਾਰੀ ਸੰਸਥਾਵਾਂ ਦੇ ਅਧਿਕਾਰੀਆਂ ਨੇ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਕਿ ਅਜਿਹਾ ਕਦਮ ਜਲਵਾਯੂ-ਪਰਿਵਰਤਨ ਖੇਤੀਬਾੜੀ ਅਤੇ ਭੋਜਨ ਪ੍ਰਣਾਲੀਆਂ ਦੀ ਨਵੀਨਤਾ ਵਿੱਚ ਵਧੇਰੇ ਸਹਿਯੋਗ ਹਾਸਲ ਕਰਨ ਵੱਲ ਇੱਕ ਕਦਮ ਹੈ|

ਸਵੇਰ ਦੀ ਸਮਾਪਤੀ I2U2 ਤਹਿਤ ਵਰਤਮਾਨ ਵਿੱਚ ਖੋਜੀਆਂ ਗਈਆਂ ਦੋ ਪ੍ਰਮੁੱਖ ਪਹਿਲਕਦਮੀਆਂ ਬਾਰੇ ਪੇਸ਼ਕਾਰੀਆਂ ਨਾਲ ਹੋਈ, ਜਿਸ ਵਿੱਚ ਪੂਰੇ ਭਾਰਤ ਅੰਦਰ ਏਕੀਕ੍ਰਿਤ ਖੇਤੀਬਾੜੀ ਸਹੂਲਤਾਂ ਦੀ ਲੜੀ ਬਣਾਉਣ ਲਈ ਪ੍ਰੋਜੈਕਟ ਵਿੱਚ ਸੰਭਾਵਿਤ 2 ਅਰਬ ਅਮਰੀਕੀ ਡਾਲਰ ਦੇ ਨਿਵੇਸ਼ ਅਤੇ ਭਾਰਤੀ ਰਾਜ ਗੁਜਰਾਤ ਵਿੱਚ 300 ਮੈਗਾਵਾਟ ਦੇ ਹਵਾ ਅਤੇ ਸੂਰਜੀ ਹਾਈਬ੍ਰਿਡ ਪਾਵਰ ਪਲਾਂਟ ਦਾ ਸੰਭਾਵੀ ਵਿਕਾਸ ਸ਼ਾਮਲ ਹੈ|

ਇਸ ਤੋਂ ਬਾਅਦ ਕੰਪਨੀਆਂ ਅਤੇ ਨਿੱਜੀ ਖੇਤਰ ਦੇ ਨੁਮਾਇੰਦਿਆਂ ਨੇ ਖੁਰਾਕ ਸੁਰੱਖਿਆ, ਊਰਜਾ, ਪਾਣੀ, ਪੁਲਾੜ, ਆਵਾਜਾਈ, ਸਿਹਤ ਅਤੇ ਤਕਨਾਲੋਜੀ ਖੇਤਰਾਂ 'ਤੇ ਕੇਂਦਰਿਤ ਸੱਤ ਸਮਾਨਾਂਤਰ ਸੈਸ਼ਨਾਂ ਦੌਰਾਨ ਗੱਲਬਾਤ ਕੀਤੀ ਅਤੇ ਸੰਭਾਵਤ ਭਾਈਵਾਲੀ ਬਾਰੇ ਚਰਚਾ ਕੀਤੀ|

I2U2 ਬਿਜ਼ਨਸ ਫੋਰਮ ਦਾ ਉਦੇਸ਼ ਭਾਰਤ, ਇਜ਼ਰਾਈਲ, UAE ਅਤੇ ਅਮਰੀਕਾ ਦੀਆਂ ਨਿੱਜੀ ਅਤੇ ਜਨਤਕ ਸੰਸਥਾਵਾਂ ਲਈ I2U2 ਦੇ ਮੁੱਖ ਆਰਥਿਕ ਅਤੇ ਤਕਨੀਕੀ ਖੇਤਰਾਂ ਵਿੱਚ ਠੋਸ ਸੰਯੁਕਤ ਵਪਾਰਕ ਉੱਦਮਾਂ ਨੂੰ ਬੁਲਾਉਣ ਅਤੇ ਸਥਾਪਤ ਕਰਨ ਲਈ ਬਾਕਾਇਦਾ ਪਲੇਟਫਾਰਮ ਦਾ ਰੂਪ ਲੈਣਾ ਹੈ|

ਨਵੀਂ ਦਿੱਲੀ

22 ਫਰਵਰੀ, 2023

DISCLAIMER: This is an approximate translation. The original is available in English on MEA's website and may be referred to as the official press release.